بِسْمِ اللّٰهِ الرَّحْمٰنِ الرَّحِيْمِ　　نَحْمَدُهٗ وَ نُصَلِّىْ عَلٰى رَسُوْلِهِ الْكَرِيْمِ　　وَ عَلٰى عَبْدِهِ الْمَسِيْحِ الْمَوْعُوْد
لَا اِلٰهَ اِلَّا اللّٰهُ مُحَمَّدٌ رَّسُوْلُ اللّٰه
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in　　ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗੇ ਖੰਦਕ ਦੀ ਰੌਸ਼ਨੀ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਜੀਵਨੀ ਦਾ ਬਿਆਨ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 27 ਸਤੰਬਰ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ. بِسْمِ اللّٰهِ الرَّحْمٰنِ الرَّحِيْمِ. اَلْحَمْدُ لِلّٰهِ رَبِّ الْعٰلَمِيْنَ. الرَّحْمٰنِ الرَّحِيْمِ. مٰلِكِ يَوْمِ الدِّيْنِ. اِيَّاكَ نَعْبُدُ وَاِيَّاكَ نَسْتَعِيْنُ. اِهْدِنَا الصِّرَاطَ الْمُسْتَقِيْمَ. صِرَاطَ الَّذِيْنَ اَنْعَمْتَ عَلَيْهِمْ. غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਮੈਂ ਪਿੱਛਲੇ ਖੁਤਬੇ ਵਿੱਚ ਵੀ ਜ਼ਿਕਰ ਕੀਤਾ ਸੀ ਕਿ ਹਜ਼ਰਤ ਮੁਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਵੀ ਉਨ੍ਹਾਂ ਹਾਲਾਤ ਦਾ ਜ਼ਿਕਰ ਫ਼ਰਮਾਇਆ ਹੈ। ਜੋ ਜੰਗੇ ਅਹਜ਼ਾਬ ਵਿੱਚ ਪੇਸ਼ ਆਏ ਸਨ।

ਆਪ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਕਿਉਂਕਿ ਮਦੀਨਾ ਦਾ ਕਾਫੀ ਹਿੱਸਾ ਖੰਦਕ ਨਾਲ ਬੱਚਿਆ ਹੋਇਆ ਸੀ ਅਤੇ ਦੂਜੇ ਪਾਸੇ ਕੁੱਝ ਪਹਾੜ੍ਹੀ ਟੀਲੇ ਅਤੇ ਕੁੱਝ ਪੱਕੇ ਘਰ ਅਤੇ ਕੁੱਝ ਬਾਗ ਆਦਿ ਸਨ। ਇਸ ਲਈ ਫੌਜ ਇੱਕ ਦਮ ਹਮਲਾ ਨਹੀਂ ਕਰ ਸਕਦੀ ਸੀ। ਸੋ, ਕਾਫਰਾਂ ਨੇ ਸਲਾਹ ਕਰਕੇ ਫੈਸਲਾ ਕੀਤਾ ਕਿ ਕਿਸੇ ਤਰ੍ਹਾਂ ਮਦੀਨਾ ਵਿੱਚ ਮੌਜੂਦ ਯਹੂਦੀ ਕਬੀਲੇ ਬਨੂ ਕੁਰੇਜ਼ਾ ਨੂੰ ਆਪਣੇ ਨਾਲ ਮਿਲਾ ਲਿਆ ਜਾਵੇ ਅਤੇ ਇੰਝ ਮਦੀਨਾ ਤੱਕ ਪਹੁੰਚਣ ਦਾ ਰਾਹ ਖੋਲਿਆ ਜਾਵੇ। ਸੋ, ਬਨੂ ਨਜ਼ੀਰ ਦੇ ਸਰਦਾਰ ਹੁਯਈ ਬਿਨ ਅਖਤਬ ਨੂੰ ਕਿਹਾ ਗਿਆ ਕਿ ਉਹ ਬਨੂ ਕੁਰੇਜ਼ਾ ਨੂੰ ਆਪਣੇ ਨਾਲ ਮਿਲਾਉਣ ਦੀ ਕੋਸ਼ਿਸ਼ ਕਰੇ। ਪਹਿਲਾਂ ਤਾਂ ਬਨੂ ਕੁਰੇਜ਼ਾ ਦੇ ਸਰਦਾਰਾਂ ਨੇ ਇੰਨਕਾਰ ਕਰ ਦਿੱਤਾ। ਪਰ ਫਿਰ ਹੁਯਈ ਬਿਨ ਅਖਤਬ ਦੀਆਂ ਗੱਲ੍ਹਾਂ ਵਿੱਚ ਆ ਕੇ ਉਹ ਸੰਧੀ ਤੋੜ੍ਹਨ ਲਈ ਤਿਆਰ ਹੋ ਗਿਆ। ਬਨੂ ਕੁਰੇਜ਼ਾ ਮੁਸਲਮਾਨਾਂ ਦੇ ਸਾਥੀ ਸਨ ਅਤੇ ਜੇਕਰ ਉਹ ਖੁੱਲੀ ਜੰਗ ਵਿੱਚ ਸ਼ਾਮਿਲ ਨ ਵੀ ਹੁੰਦੇ। ਤੱਦ ਵੀ ਮੁਸਲਮਾਨ ਇਹ ਉਮੀਦ ਕਰਦੇ ਸਨ ਕਿ ਉਨ੍ਹਾਂ ਵਲੋਂ ਹੋ ਕੇ ਮਦੀਨਾ ਉੱਤੇ ਕੋਈ ਹਮਲਾ ਨਹੀਂ ਕਰ ਸਕਦਾ। ਇਸੇ ਕਰਕੇ ਉਨ੍ਹਾਂ ਵੱਲ੍ਹ ਦਾ ਹਿੱਸਾ ਬਿਲਕੁੱਲ ਖੁੱਲ੍ਹਾ ਛੱਡ ਦਿੱਤਾ ਸੀ। ਅਜਿਹੇ ਸਮੇਂ ਵਿੱਚ ਬਨੂ ਕੁਰੇਜ਼ਾ ਦੇ ਵਿਰੋਧੀ ਨਾਲ ਮਿਲ ਜਾਣ ਨਾਲ ਮਦੀਨੇ ਉੱਤੇ ਹਮਲੇ ਦਾ ਖਤਰਾ ਵੀ ਬਹੁਤ ਵੱਧ ਗਿਆ ਸੀ। ਇਨ੍ਹਾਂ ਹਾਲਾਤ ਵਿੱਚ ਮੁਸਲਮਾਨਾਂ ਦੀ ਚਿੰਤਾ ਕੁਦਰਤੀ ਸੀ ਅਤੇ ਉਸ ਦੀ ਰੋਕਥਾਮ ਲਈ ਵੀ ਕੋਸ਼ਿਸ਼ ਜ਼ਰੂਰੀ ਸੀ। ਇਸ ਲਈ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਮਦੀਨਾ ਦੀ ਰਾਖੀ ਲਈ 500 ਸਿਪਾਹੀ ਤੈਨਾਤ ਕਰਨ ਦਾ ਫੈਸਲਾ ਫ਼ਰਮਾਇਆ। ਬਨੂ ਕੁਰੇਜ਼ਾ ਦੇ ਸੰਧੀ ਤੋੜ੍ਹਨ ਦੀ ਖਬਰ ਮੁਸਲਮਾਨਾਂ ਤੱਕ ਪਹੁੰਚ ਗਈ ਤਾਂ ਉਨ੍ਹਾਂ ਦਾ ਖੌਫ਼ ਵੱਧ ਗਿਆ ਅਤੇ ਉਨ੍ਹਾਂ ਨੂੰ ਔਰਤਾਂ ਅਤੇ ਬੱਚਿਆਂ ਦੀ ਚਿੰਤਾ ਹੋਣ ਲੱਗੀ। ਜੱਦ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਇਹ ਖਬਰ ਮਿਲੀ ਤਾਂ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਹਜ਼ਰਤ ਸਲਮਾ ਬਿਨ ਅਸਲਮ ਰਜ਼ੀ ਅੱਲਾਹ ਅੰਨਹੁ ਨੂੰ 200 ਸਿਪਾਹੀਆਂ ਨਾਲ ਅਤੇ ਹਜ਼ਰਤ ਜ਼ੈਦ ਬਿਨ ਹਾਰਿਸ ਰਜ਼ੀ ਅੱਲਾਹ ਅੰਨਹੁ ਨੂੰ 300 ਸਿਪਾਹੀਆਂ ਨਾਲ ਮਦੀਨਾ ਦੀ ਰਾਖੀ ਲਈ ਭੇਜਿਆ ਅਤੇ ਫ਼ਰਮਾਇਆ ਕਿ

ਰਾਤ ਦੇ ਸਮੇਂ ਉਹ ਵੱਖੋ ਵੱਖ ਥਾਵਾਂ ਉੱਤੇ ਪਹਿਰਾ ਦੇਣ ਅਤੇ ਕਦੇ ਕਦਾਈਂ ਤਕਬੀਰ ਅਰਥਾਤ ਅੱਲਾਹੁ ਅਕਬਰ ਦੇ ਨਾਅਰੇ ਲਾਉਂਦੇ ਰਹਿਣ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਇਸ ਨੂੰ ਇੰਝ ਬਿਆਨ ਕੀਤਾ ਹੈ ਕਿ ਇਨ੍ਹਾਂ ਹਾਲਾਤ ਨੇ ਜਿਸ ਦੀ ਹਕੀਕਤ ਕਿਸੇ ਸਮਝਦਾਰ ਵਿਅਕਤੀ ਤੋਂ ਲੁਕਵੀਂ ਨਹੀਂ ਰਹਿ ਸਕਦੀ। ਕਮਜ਼ੋਰ ਮੁਸਲਮਾਨਾਂ ਵਿੱਚ ਸਖਤ ਪਰੇਸ਼ਾਨੀ ਪੈਦਾ ਕਰ ਦਿੱਤੀ। ਕੁੱਝ ਮੁਨਾਫ਼ਿਕਾਂ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਸੇਵਾ ਵਿੱਚ ਹਾਜ਼ਿਰ ਹੋ ਕੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਹੇ ਅੱਲਾਹ ਦੇ ਰਸੂਲ ! ਸ਼ਹਿਰ ਵਿੱਚ ਸਾਡੇ ਘਰ ਬਿਲਕੁੱਲ ਅਸੁਰੱਖਿਅਤ ਹਨ। ਆਪ ਸੱਲਲਾਹੁ ਅਲੈਹਿ ਵੱਸਲਮ ਆਗਿਆ ਦੇਣ ਤਾਂ ਅਸੀਂ ਆਪਣੇ ਘਰਾਂ ਵਿੱਚ ਰੁੱਕ ਕੇ ਉਨ੍ਹਾਂ ਦੀ ਰਾਖੀ ਕਰੀਏ। ਜਿਸ ਦੇ ਉੱਤਰ ਵਿੱਚ ਰੱਬੀ ਵਹੀ ਉਤਰੀ। ਅਰਥਾਤ ਇਹ ਗਲਤ ਹੈ ਕਿ ਉਨ੍ਹਾਂ ਲੋਕਾਂ ਨੂੰ ਆਪਣੇ ਘਰਾਂ ਦੇ ਅਸੁਰੱਖਿਅਤ ਹੋਣ ਦਾ ਖਿਆਲ ਹੈ। ਸਗੋਂ ਗੱਲ੍ਹ ਇਹ ਹੈ ਕਿ ਮੈਦਾਨ ਤੋਂ ਭੱਜਣ ਦੀ ਰਾਹ ਲੱਭ ਰਹੇ ਹਨ। ਸੋ, ਅਜਿਹੇ ਖਤਰਨਾਕ ਸਮੇਂ ਵਿੱਚ ਮੁਸਲਮਾਨਾਂ ਦੀ ਥੋੜ੍ਹੀ ਜਿਹੀ ਜਮਾਤ ਜਿਨ੍ਹਾਂ ਵਿੱਚ ਕੁੱਝ ਕਮਜ਼ੋਰ ਲੋਕ ਅਤੇ ਕੁੱਝ ਮੁਨਾਫ਼ਿਕ ਵੀ ਸ਼ਾਮਿਲ ਸਨ। ਕੀ ਮੁਕਾਬਲਾ ਕਰ ਸਕਦੇ ਸਨ ? ਕਈ ਵਾਰ ਹਾਲਾਤ ਬਹੁਤ ਨਾਜ਼ੁਕ ਹੋ ਜਾਂਦੇ ਅਤੇ ਕਰੀਬ ਹੁੰਦਾ ਕਿ ਕਿਸੇ ਕਮਜ਼ੋਰ ਮੌਕੇ ਤੋਂ ਲਾਭ ਚੁੱਕ ਕੇ ਲਸ਼ਕਰ ਸ਼ਹਿਰ ਦੇ ਅੰਦਰ ਦਾਖਲ ਹੋ ਜਾਵੇ। ਇਨ੍ਹਾਂ ਹਮਲਿਆਂ ਦਾ ਮੁਕਾਬਲਾ ਮੁਸਲਮਾਨਾਂ ਵਲ੍ਹੋਂ ਆਮ ਤੌਰ ਉੱਤੇ ਤੀਰਾਂ ਨਾਲ ਕੀਤਾ ਜਾਂਦਾ ਸੀ।

ਇਹ ਦਿਨ ਮੁਸਲਮਾਨਾਂ ਲਈ ਬਹੁਤ ਤਕਲੀਫ, ਪਰੇਸ਼ਾਨੀ ਅਤੇ ਖਤਰੇ ਦੇ ਦਿਨ ਸਨ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਇਨ੍ਹਾਂ ਹਾਲਾਤ ਵਿੱਚ ਸਈਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਅਤੇ ਸਈਦ ਬਿਨ ਅਬਾਦਹ ਰਜ਼ੀ ਅੱਲਾਹ ਅੰਨਹੁ ਨੂੰ ਫ਼ਰਮਾਇਆ ਕਿ ਜੇਕਰ ਤੁਸੀਂ ਚਾਹੋ ਤਾਂ ਕਬੀਲਾ ਗਤਫ਼ਾਨ ਨੂੰ ਕੁੱਝ ਦੇ ਕੇ ਇਸ ਜੰਗ ਨੂੰ ਟਾਲ ਦਿੱਤਾ ਜਾਵੇ। ਇਸ ਉੱਤੇ ਦੋਵਾਂ ਨੇ ਕਿਹਾ ਕਿ ਹੇ ਅੱਲਾਹ ਦੇ ਰਸੂਲ ! ਜੱਦ ਅਸੀਂ ਦਵੈਤਵਾਦ ਦੀ ਹਾਲਤ ਵਿੱਚ ਕਦੇ ਕਿਸੇ ਵਿਰੋਧੀ ਨੂੰ ਕੁੱਝ ਨਹੀਂ ਦਿੱਤਾ ਤਾਂ ਹੁਣ ਮੁਸਲਮਾਨ ਹੋਣ ਦੇ ਬਾਦ ਕਿਵੇਂ ਦੇ ਸਕਣੇ ਆ। ਅਸੀਂ ਉਨ੍ਹਾਂ ਨੂੰ ਤਲਵਾਰ ਦੀ ਧਾਰ ਤੋਂ ਬਿਨਾਂ ਕੁੱਝ ਨਹੀਂ ਦਿਆਂਗੇ। ਕਿਉਂਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਅੰਨਸਾਰ ਵਲ੍ਹੋਂ ਹੀ ਚਿੰਤਾ ਸੀ। ਜੋ ਮਦੀਨਾ ਦੇ ਅਸਲ ਵਸਨੀਕ ਸਨ ਅਤੇ ਇਸ ਸਲਾਹ ਵਿੱਚ ਆਪ ਸੱਲਲਾਹੁ ਅਲੈਹਿ ਵੱਸਲਮ ਦਾ ਉਦੇਸ਼ ਵੀ ਕੇਵਲ ਇਹੀ ਸੀ ਕਿ ਅੰਨਸਾਰ ਦੇ ਹਾਲਾਤ ਦਾ ਪਤਾ ਲੱਗੇ ਕਿ ਕੀ ਉਹ ਇਨ੍ਹਾਂ ਮੁਸ਼ਕਿਲਾਂ ਵਿੱਚ ਪਰੇਸ਼ਾਨ ਤਾਂ ਨਹੀਂ ਹਨ ਅਤੇ ਜੇਕਰ ਉਹ ਪਰੇਸ਼ਾਨ ਹੋਣ ਤਾਂ ਉਨ੍ਹਾਂ ਦਾ ਦਿਲ ਪਰਚਾਵਾ ਕੀਤਾ ਜਾਵੇ। ਆਪ ਸੱਲਲਾਹੁ ਅਲੈਹਿ ਵੱਸਲਮ ਨੇ ਪੂਰੀ ਖੁਸ਼ੀ ਨਾਲ ਉਨ੍ਹਾਂ ਦੀ ਸਲਾਹ ਮੰਨ ਲਈ ਅਤੇ ਜੰਗ ਜਾਰੀ ਰਹੀ।

ਇਨ੍ਹਾਂ ਪਰੇਸ਼ਾਨ ਕਰਨ ਵਾਲੇ ਹਾਲਾਤ ਵਿੱਚ ਵੱਖੋ ਵੱਖ ਥਾਵਾਂ ਉੱਤੇ ਪਹਿਰੇ ਵਿੱਚ ਆਪ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਆਪ ਵੀ ਮੌਜੂਦ ਹੁੰਦੇ। ਮਦੀਨਾ ਦੀਆਂ ਇਹ ਰਾਤਾਂ ਸਖਤ ਸਰਦੀ ਦੀਆਂ ਰਾਤਾਂ ਸਨ ਅਤੇ ਭੁੱਖ ਦੀ ਮੁਸ਼ਕਿਲਾਂ ਇਸ ਤੋਂ ਬਿਨਾਂ ਸਨ। ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਬਿਆਨ ਕਰਦੀ ਹਨ ਕਿ ਇੱਕ ਦਿਨ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਇੰਨ੍ਹੇ ਥੱਕ ਗਏ ਸਨ ਕਿ ਆਪ ਨੇ ਫ਼ਰਮਾਇਆ : ਕਾਸ਼ ! ਕੋਈ ਨੇਕ ਆਦਮੀ ਹੁੰਦਾ ਤਾਂ ਪਹਿਰਾ ਦਿੰਦਾ। ਹਜ਼ਰਤ ਸਾਅਦ ਬਿਨ ਅਬੀ ਵਕਾਸ ਰਜ਼ੀ ਅੱਲਾਹ ਅੰਨਹੁ ਨੇ ਕਿਹਾ ਕਿ ਹੇ ਅੱਲਾਹ ਦੇ ਰਸੂਲ ! ਮੈਂ ਆਪ ਸੱਲਲਾਹੁ ਅਲੈਹਿ ਵੱਸਲਮ ਦੀ ਰਾਖੀ ਲਈ ਪਹਿਰਾ ਦੇਣ ਆਇਆ। ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ : ਉੱਥੇ ਜਾਓ। ਉੱਥੇ ਖੰਦਕ ਦਾ ਇੱਕ ਹਿੱਸਾ ਕਮਜ਼ੋਰ ਹੈ। ਉੱਥੇ ਪਹਿਰਾ ਦਿਓ। ਨਬੀ

ਕਰੀਮ ਸੱਲਲਾਹੁ ਅਲੈਹਿ ਵੱਸਲਮ ਦੇ ਜਾਨ ਕੁਰਬਾਨ ਕਰਨ ਵਾਲੇ ਸਹਾਬੀਆਂ ਦਾ ਵੀ ਆਪ ਸੱਲਲਾਹੁ ਅਲੈਹਿ ਵੱਸਲਮ ਨਾਲ ਵਫ਼ਾ ਦਾ ਅਜੀਬ ਰੰਗ ਸੀ। ਇੱਕ ਪਾਸੇ ਉਹ ਆਪਣੇ ਆਪ ਨੂੰ ਪੇਸ਼ ਕਰ ਰਹੇ ਸਨ ਅਤੇ ਦੂਜੇ ਪਾਸੇ ਨਬੀ ਕਰੀਮ ਸੱਲਲਾਹੁ ਅਲੈਹਿ ਵੱਸਲਮ ਆਪਣੀ ਜ਼ਾਤ ਉੱਤੇ ਉਨ੍ਹਾਂ ਸਾਰੀਆਂ ਨੂੰ ਪਹਿਲ ਦੇ ਰਹੇ ਸਨ। ਅਜਿਹੇ ਬਹਾਦਰ ਕਿ ਆਪਣੀ ਜਾਨ ਦੀ ਕੋਈ ਚਿੰਤਾ ਨਹੀਂ। ਮਦੀਨਾ ਵਾਲਿਆਂ ਦੀ ਚਿੰਤਾ ਹੈ ਅਤੇ ਉਸ ਦੇ ਲਈ ਆਮ ਤੌਰ ਉੱਤੇ ਆਪ ਥਾਂ ਥਾਂ ਉੱਤੇ ਮੌਜੂਦ ਹੁੰਦੇ ਸਨ। ਕਦੇ ਆਰਾਮ ਕਰਨ ਲਈ ਤੰਬੂ ਵਿੱਚ ਆਉਂਦੇ ਵੀ ਸਨ ਤਾਂ ਉਸ ਦੇ ਵਧੇਰੇ ਸਮੇਂ ਰੱਬ ਦੇ ਹਜ਼ੂਰ ਸਿਰ ਨਿਵਾ ਕੇ ਦੁਆਵਾਂ ਕਰਦੇ ਹੋਏ ਨਜ਼ਰ ਆਉਂਦੇ ਸਨ।

ਇਸ ਜੰਗ ਦੇ ਦੌਰਾਨ ਹਜ਼ਰਤ ਸਫ਼ੀਆ ਰਜ਼ੀ ਅੱਲਾਹ ਅੰਨਹਾ ਦੀ ਬਹਾਦਰੀ ਦਾ ਕਿੱਸਾ ਵੀ ਮਿਲਦਾ ਹੈ। ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਲਿੱਖਦੇ ਹਨ ਕਿ ਔਰਤਾਂ ਅਤੇ ਬੱਚਿਆਂ ਨੂੰ ਸ਼ਹਿਰ ਦੇ ਇੱਕ ਖਾਸ ਹਿੱਸੇ, ਜੋ ਇੱਕ ਕਿੱਲ੍ਹੇ ਵਾਂਗ ਸੀ, ਵਿੱਚ ਰੱਖਿਆ ਜਾਂਦਾ ਸੀ ਅਤੇ ਉਨ੍ਹਾਂ ਦੀ ਰਾਖੀ ਲਈ ਕੇਵਲ ਅਜਿਹੇ ਮਰਦ ਰਹਿ ਜਾਂਦੇ ਸਨ। ਜੋ ਕਿਸੇ ਕਾਰਨ ਜੰਗ ਦੇ ਮੈਦਾਨ ਵਿੱਚ ਜਾਣ ਦੇ ਯੋਗ ਨਹੀਂ ਹੁੰਦੇ ਸਨ। ਯਹੂਦੀਆਂ ਨੇ ਇੱਕ ਮੌਕੇ ਉੱਤੇ ਜਸੂਸੀ ਕਰਨ ਲਈ ਆਪਣਾ ਇੱਕ ਆਦਮੀ ਇਸ ਮਹਿਲ ਵਿੱਚ ਭੇਜਾ। ਉਸ ਸਮੇਂ ਸੰਯੋਗ ਨਾਲ ਔਰਤਾਂ ਦੇ ਨੇੜੇ ਕੇਵਲ ਇੱਕ ਸਹਾਬੀ ਹੱਸਾਨ ਬਿਨ ਸਾਬਿਤ ਰਜ਼ੀ ਅੱਲਾਹ ਅੰਨਹੁ ਮੌਜੂਦ ਸਨ। ਔਰਤਾਂ ਨੇ ਜੱਦ ਉਸ ਦੁਸ਼ਮਨ ਯਹੂਦੀ ਨੂੰ ਅਜਿਹੇ ਭੇਦ ਭਰੇ ਹਾਲਾਤ ਵਿੱਚ ਆਪਣੇ ਆਸ ਪਾਸ ਚੱਕਰ ਲਾਉਂਦੇ ਵੇਖਿਆ ਤਾਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਭੂਆ ਸਫ਼ੀਆ ਬਿਨਤੇ ਅਬਦੁੱਲ ਮੁਤਲਿੱਬ ਰਜ਼ੀ ਅੱਲਾਹ ਅੰਨਹਾ ਨੇ ਹਜ਼ਰਤ ਹੱਸਾਨ ਰਜ਼ੀ ਅੱਲਾਹ ਅੰਨਹੁ ਨੂੰ ਕਿਹਾ ਕਿ ਉਸ ਨੂੰ ਕਤਲ ਕਰ ਦਿਓ। ਪਰ ਹਜ਼ਰਤ ਹੱਸਾਨ ਰਜ਼ੀ ਅੱਲਾਹ ਅੰਨਹੁ ਨੂੰ ਇਸ ਦੀ ਹਿੰਮਤ ਨ ਹੋਈ। ਜਿਸ ਉੱਤੇ ਹਜ਼ਰਤ ਸਫ਼ੀਆ ਰਜ਼ੀ ਅੱਲਾਹ ਅੰਨਹਾ ਨੇ ਆਪ ਅੱਗੇ ਨਿਕਲ ਕੇ ਉਸ ਯਹੂਦੀ ਦਾ ਮੁਕਾਬਲਾ ਕੀਤਾ। ਉਸ ਨੂੰ ਮਾਰ ਕੇ ਸੁੱਟ ਦਿੱਤਾ ਅਤੇ ਉਸ ਦਾ ਸਿਰ ਲਾਹ ਕੇ ਯਹੂਦੀਆਂ ਵੱਲ੍ਹ ਸੁੱਟ ਦਿੱਤਾ ਤਾਂ ਕਿ ਯਹੂਦੀਆਂ ਨੂੰ ਮੁਸਲਮਾਨ ਔਰਤਾਂ ਉੱਤੇ ਹਮਲਾ ਕਰਨ ਦੀ ਹਿੰਮਤ ਨ ਪਏ ਅਤੇ ਉਹ ਇਹ ਸਮਝਣ ਕਿ ਉਨ੍ਹਾਂ ਦੀ ਰਾਖੀ ਲਈ ਇੱਥੇ ਬਹੁਤ ਸਾਰੇ ਮਰਦ ਮੌਜੂਦ ਹਨ। ਸੋ, ਇਹ ਤਦਬੀਰ ਕੰਮ ਕਰ ਗਈ ਅਤੇ ਯਹੂਦੀ ਡਰ ਕੇ ਪਰਤ ਗਏ

ਹਜ਼ਰਤ ਮੁਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਵੀ ਇਸ ਕਿੱਸੇ ਨੂੰ ਬਿਆਨ ਕਰਦੇ ਹੋਏ ਫ਼ਰਮਾਇਆ ਕਿ ਖੋਜਬੀਨ ਤੋਂ ਪਤਾ ਲੱਗਿਆ ਕਿ ਉਹ ਯਹੂਦੀ ਸੀ ਅਤੇ ਬਨੂ ਕੁਰੇਜ਼ਾ ਦਾ ਜਾਸੂਸ ਸੀ ਤਾਂ ਮੁਸਲਮਾਨ ਹੋਰ ਵੀ ਘਬਰਾ ਗਏ ਅਤੇ ਸਮਝੇ ਕਿ ਹੁਣ ਮਦੀਨਾ ਦਾ ਇਹ ਪਾਸਾ ਵੀ ਸੁਰੱਖਿਅਤ ਨਹੀਂ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਔਰਤਾਂ ਦੀ ਰਾਖੀ ਨੂੰ ਪਹਿਲ ਦਿੱਤੀ ਅਤੇ 1200 ਸਿਪਾਹੀਆਂ ਵਿੱਚੋਂ 500 ਨੂੰ ਔਰਤਾਂ ਦੀ ਰਾਖੀ ਲਈ ਸ਼ਹਿਰ ਵਿੱਚ ਤਿਨਾਤ ਕਰ ਦਿੱਤਾ ਅਤੇ ਖੰਦਕ ਦੀ ਰਾਖੀ ਅਤੇ 18-20 ਹਜ਼ਾਰ ਲਸ਼ਕਰ ਦੇ ਮੁਕਾਬਲੇ ਲਈ ਕੇਵਲ 700 ਸਿਪਾਹੀ ਰਹਿ ਗਏ।

ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਦਾ ਅਮਰ ਬਿਨ ਅਬਦੇ ਵੁਦ ਨੂੰ ਕਤਲ ਕਰਨ ਦਾ ਕਿੱਸਾ ਵੀ ਮਿਲਦਾ ਹੈ। ਉਹ ਅਜਿਹਾ ਬਹਾਦਰ ਸੀ ਕਿ ਅਰਬ ਵਿੱਚ 1000 ਮਰਦਾਂ ਦੇ ਬਰਾਬਰ ਸਮਝਾ ਜਾਂਦਾ ਸੀ। ਇਹ ਆਪਣੇ ਦੋ ਸਾਥੀਆਂ ਨਾਲ ਖੰਦਕ ਨੂੰ ਪਾਰ ਕਰਕੇ ਆਇਆ ਅਤੇ ਬਹੁਤ ਹਓਮੇ ਨਾਲ ਆਵਾਜ਼ ਦਿੱਤੀ ਕਿ ਹੇ ਸਵਰਗ ਦੀ ਇੱਛਾ ਕਰਨ ਵਾਲਿਓਂ ! ਆਓ ਮੈਂ ਤੁਹਾਨੂੰ ਸਵਰਗ ਵਿੱਚ ਪਹੁੰਚਾ ਦਿਆਂ ਜਾਂ ਤੁਸੀਂ ਮੈਨੂੰ ਨਰਕ ਵਿੱਚ ਭੇਜ ਦਿਓ। ਜੱਦ ਉਸ ਨੇ ਦੂਜੀ ਜਾਂ ਤੀਜੀ ਵਾਰ ਆਵਾਜ਼ ਦਿੱਤੀ ਤਾਂ ਨਬੀ ਕਰੀਮ ਸੱਲਲਾਹੁ ਅਲੈਹਿ ਵੱਸਲਮ ਨੇ ਆਪ ਆਪਣੀ ਪਗੜ੍ਹੀ

ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਦੇ ਸਿਰ ਉੱਤੇ ਬੰਨ੍ਹੀ ਅਤੇ ਆਪਣੀ ਤਲਵਾਰ ਬਖਸ਼ੀ ਅਤੇ ਦੁਆ ਦਿੰਦੇ ਹੋਏ ਮੁਕਾਬਲੇ ਲਈ ਭੇਜਿਆ। ਉਸ ਨੇ ਮੁਕਾਬਲਾ ਕੀਤਾ ਅਤੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਨੇ ਉਸ ਨੂੰ ਕਤਲ ਕਰ ਦਿੱਤਾ। ਉਸ ਦੇ ਕਤਲ ਦੇ ਬਾਦ ਉਸ ਦੇ ਸਾਥੀ ਭੱਜ ਗਏ। ਇੱਕ ਸਾਖੀ ਅਨੁਸਾਰ ਜ਼ਰਾਰ ਬਿਨ ਖਤਾਬ ਜੋ ਕਿ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਦਾ ਭਾਈ ਸੀ। ਉਹ ਜੱਦ ਨਸਿਆ ਤਾਂ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਨੇ ਉਸ ਦਾ ਪਿੱਛਾ ਕੀਤਾ। ਜ਼ਰਾਰ ਅਚਾਨਕ ਰੁੱਕ ਗਿਆ ਅਤੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਉੱਤੇ ਨੇਜ਼ੇ ਨਾਲ ਹਮਲਾ ਕਰਨ ਵਾਲਾ ਸੀ ਕਿ ਰੁੱਕ ਗਿਆ ਅਤੇ ਹਮਲਾ ਨਹੀਂ ਕੀਤਾ। ਫਿਰ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਨੂੰ ਸੰਬੋਧਿਤ ਹੁੰਦੇ ਹੋਏ ਇਹ ਕਿਹਾ ਕਿ ਉਮਰ ਮੇਰਾ ਇਹ ਇਹਸਾਨ ਯਾਦ ਰੱਖਣਾ ਕਿ ਮੈਂ ਤੁਹਾਡੇ ਉੱਤੇ ਹਮਲਾ ਨਹੀਂ ਕੀਤਾ। ਜ਼ਰਾਰ ਦਾ ਕੀ ਇਹਸਾਨ ਹੋਣਾ ਸੀ। ਹਾਂ, ਰੱਬ ਦਾ ਇਹ ਇਹਸਾਨ ਉਸ ਉੱਤੇ ਹੋਇਆ ਕਿ ਫਤਹਿ ਮੱਕਾ ਦੇ ਮੌਕੇ ਇਹੀ ਜ਼ਰਾਰ ਇਸਲਾਮ ਲੈ ਆਏ। ਇਸਲਾਮੀ ਜੰਗਾਂ ਵਿੱਚ ਭਰਪੂਰ ਸ਼ਾਮਿਲ ਹੋਏ। ਖ਼ੂਬ ਬਹਾਦਰੀ ਦੇ ਜੌਹਰ ਵਿਖਾਏ ਅਤੇ ਜੰਗੇ ਯਮਾਮਾ ਵਿੱਚ ਸ਼ਹਾਦਤ ਪਾਈ। ਕੁੱਝ ਦੇ ਨੇੜੇ ਸ਼ਹਾਦਤ ਨਹੀਂ ਪਾਈ। ਸਗੋਂ ਦੇਰ ਤੱਕ ਜ਼ਿੰਦਾ ਰਹੇ ਅਤੇ ਇਸਲਾਮ ਉੱਤੇ ਸਵਰਗਵਾਸ ਹੋਇਆ।

ਕੁੱਝ ਸਾਖੀਆਂ ਅਨੁਸਾਰ ਅਮਰ ਬਿਨ ਅਬਦੇ ਵੁਦ ਦੀ ਥਾਂ ਨੌਫਲ ਬਿਨ ਅਬਦੁੱਲਾਹ ਇੱਕ ਮੌਕੇ ਉੱਤੇ ਮਾਰਾ ਗਿਆ ਸੀ ਅਤੇ ਉਸ ਦੀ ਲਾਸ਼ ਲਈ ਕੁਫ਼ਾਰ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਸੰਦੇਸ਼ ਭੇਜਿਆ ਸੀ ਕਿ ਜੇਕਰ ਆਪ ਸੱਲਲਾਹੁ ਅਲੈਹਿ ਵੱਸਲਮ ਉਸ ਦੀ ਲਾਸ਼ ਵਾਪਸ ਕਰ ਦੇਣ ਤਾਂ ਉਹ 10000 ਦਿਰਹਮ ਆਪ ਸੱਲਲਾਹੁ ਅਲੈਹਿ ਵੱਸਲਮ ਨੂੰ ਦੇਣ ਲਈ ਤਿਆਰ ਹਨ। ਉਨ੍ਹਾਂ ਲੋਕਾਂ ਦਾ ਤਾਂ ਇਹ ਖਿਆਲ ਸੀ ਕਿ ਜਿਵੇਂ ਅਸੀਂ ਸਰਦਾਰਾਂ ਸਗੋਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਚਾਚੇ ਦੇ ਨੱਕ-ਕੰਨ ਓਹਦ ਵਿੱਚ ਕੱਟ ਦਿੱਤੇ ਸਨ। ਇੰਝ ਹੀ ਅੱਜ ਮੁਸਲਮਾਨ ਸਾਡੇ ਉਸ ਸਰਦਾਰ ਦੇ ਨੱਕ-ਕੰਨ ਕੱਟ ਕੇ ਸਾਡੀ ਕੌਮ ਦੀ ਬੇਇਜ਼ਤੀ ਕਰਨਗੇ। ਪਰ ਇਸਲਾਮ ਦੀਆਂ ਸਿੱਖਿਆਵਾਂ ਤਾਂ ਬਿਲਕੁੱਲ ਹੋਰ ਕਿਸਮ ਦੀਆਂ ਹਨ। ਇਸਲਾਮ ਲਾਸ਼ਾਂ ਦੀ ਬੇਇਜ਼ਤੀ ਦੀ ਆਗਿਆ ਨਹੀਂ ਦਿੰਦਾ। ਸੋ, ਕੁਫ਼ਾਰ ਦਾ ਸੰਦੇਸ਼ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਪਾਸ ਪਹੁੰਚਾ ਤਾਂ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ : ਇਸ ਲਾਸ਼ ਦਾ ਅਸੀਂ ਕੀ ਕਰਨਾ ? ਇਹ ਲਾਸ਼ ਸਾਡੇ ਕਿਸ ਕੰਮ ਦੀ ਹੈ ਕਿ ਉਸ ਦੇ ਬਦਲੇ ਵਿੱਚ ਅਸੀਂ ਤੁਹਾਡੇ ਕੋਲੋਂ ਕੋਈ ਮੁੱਲ ਲਈਏ। ਆਪਣੀ ਲਾਸ਼ ਸ਼ੌਕ ਨਾਲ ਚੁੱਕ ਕੇ ਲੈ ਜਾਓ। ਸਾਨੂੰ ਉਸ ਤੋਂ ਕੋਈ ਸਰੋਕਾਰ ਨਹੀਂ।

ਹਜ਼ੂਰੇ ਅਨਵਰ ਨੇ ਅੰਤ ਵਿੱਚ ਜ਼ੈਲੀ ਤੰਨਜ਼ੀਮਾਂ ਦੇ ਇੱਜਤਮਾ ਦਾ ਜ਼ਿਕਰ ਕਰਦੇ ਹੋਏ ਨਸੀਹਤ ਫ਼ਰਮਾਈ ਕਿ ਇਨ੍ਹਾਂ ਦਿਨਾਂ ਵਿੱਚ ਖਾਸ ਤੌਰ ਉੱਤੇ ਦੁਆਵਾਂ ਵਿੱਚ ਬਹੁਤ ਸਮੇਂ ਲੰਘਾਓ, ਦਰੂਦ ਪੜ੍ਹਣ ਵੱਲ੍ਹ ਧਿਆਨ ਦਿਓ। ਰੱਬ ਆਪ ਸਭ ਨੂੰ ਇਸ ਦੀ ਤੌਫ਼ੀਕ ਬਖਸ਼ੇ। ਇੱਜਤਮਾ ਦੇ ਉਦੇਸ਼ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੋ। ਨ ਇਹ ਕਿ ਕੇਵਲ ਸ਼ੁਗਲ ਦੇ ਪ੍ਰੋਗਰਾਮਾਂ ਜਾਂ ਗੱਲ੍ਹਾਂ ਵਿੱਚ ਸਮਾਂ ਵਿਅਰਥ ਗੁਆਓ। ਰੱਬ ਹਰ ਪ੍ਰਕਾਰ ਨਾਲ ਇਸ ਨੂੰ ਬਰਕਤਾਂ ਵਾਲਾ ਬਣਾਏ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا
مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ
یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ
یَسْتَجِبْ لَکُمْ وَلَذِکْرُ اللّٰہِ اَکْبَرُ